2024|144324
ਸੀ-5

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ।**
**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

**ਯਾਦ ਪੱਤਰ-1**

ਪੱਤਰ ਨੰ: 727131 /2024 296207
ਮਿਤੀ ਐਸ.ਏ.ਐਸ.ਨਗਰ 19-11-2024

ਵਿਸ਼ਾ:- **ਈ-ਪੰਜਾਬ ਪੋਰਟਲ ਤੇ ਜਨਰਲ ਸ਼ਕਾਲਰਸਿਪ ਸਕੀਮ ਅਤੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਨੂੰ 11ਵੀਂ ਅਤੇ 12ਵੀਂ ਦੀ ਪੜ੍ਹਾਈ ਲਈ ਉਤਸਾਹਿਤ ਕਰਨ ਲਈ ਇਨਾਮ ਦੇਣ ਦੀ ਸਕੀਮ ਤਹਿਤ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਵਜੀਫੇ ਲਈ ਅਪਲਾਈ ਕਰਵਾਉਣ ਸਬੰਧੀ।**

ਹਵਾਲਾ:- **ਇਸ ਦਫਤਰ ਦੇ ਪੱਤਰ ਨੰ:727131/2024287864,ਮਿਤੀ 07-11-2024 ਦੇ ਸਬੰਧ ਵਿੱਚ ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਈਆ ਜਾਵੇ ਪਰ ਬੜੇ ਖੇਦ ਦੀ ਗੱਲ ਹੈ ਕਿ ਮਿਤੀ 13-11-2024 ਤੱਕ ਜਨਰਲ ਸਕਲਾਰਸਿਪ ਸਕੀਮ ਤਹਿਤ ਪੋਰਟਲ ਤੇ 1190 ਵਿਦਿਆਰਥੀਆਂ ਵਲੋਂ ਅਪਲਾਈ ਕੀਤਾ ਗਿਆ ਹੈ ਜੋ ਕਿ ਵਿਦਿਆਰਥੀਆਂ ਦੀ ਗਿਣਤੀ ਸਕੀਮ ਦੇ ਨਾਰਮਜ ਅਨੁਸਾਰ ਬਹੁਤ ਘੱਟ ਹੈ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਨੂੰ 11ਵੀਂ ਅਤੇ 12ਵੀਂ ਦੀ ਪੜ੍ਹਾਈ ਲਈ ਉਤਸਾਹਿਤ ਕਰਨ ਲਈ ਇਨਾਮ ਦੇਣ ਦੀ ਸਕੀਮ ਤਹਿਤ ਕੇਵਲ 10499 ਵਿਦਿਆਰਥੀਆਂ ਵੱਲੋਂ ਵਜੀਫੇ ਲਈ ਅਪਲਾਈ ਕੀਤਾ ਗਿਆ ਹੈ। (ਨੱਥੀ ਰਿਪੋਰਟ ਦੀ ਜ਼ਿਲ੍ਹਾ ਵਾਇਜ ਲਿਸਟ)

ਈ-ਪੰਜਾਬ ਪੋਰਟਲ ਤੇ ਆਨ ਲਾਈਨ ਅਪਲਾਈ ਕਰਨ ਦੀ ਮਿਤੀ ਵਿੱਚ ਤਿੰਨ ਵਾਰ ਵਾਧਾ ਕਰਨ ਦੇ ਬਾਵਜੂਦ ਵੀ ਜਨਰਲ ਸਕਾਲਰਸ਼ਿਪ ਸਕੀਮ ਦੇ ਨਾਰਮਜ ਅਨੁਸਾਰ ਬਹੁਤ ਘੱਟ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਗਿਆ ਹੈ ਤਿੰਨ ਵਾਰ ਵਾਧਾ ਕਰਨ ਦੇ ਬਾਵਜੂਦ ਵੀ ਯੋਗ ਵਿਦਿਆਰਥੀਆਂ ਨੂੰ ਪੋਰਟਲ ਤੇ ਅਪਲਾਈ ਨਾਂ ਕਰਵਾਉਣ ਦੇ ਕਾਰਨ ਵੀ ਸਪਸਟ ਕੀਤੇ ਜਾਣ। ਪੋਰਟਲ ਤੇ ਹੁਣ ਮਿਤੀ 26-11-2024 ਵਿੱਚ ਹੋਰ ਵਾਧਾ ਕੀਤਾ ਗਿਆ ਹੈ ਇਸ ਤੋਂ ਬਾਅਦ ਵਾਧਾ ਨਹੀਂ ਕੀਤਾ ਜਾਵੇਗਾ, ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਫਿਰ ਤੋਂ ਲਿਖਿਆ ਜਾਂਦਾ ਹੈ ਕਿ ਮਿੱਥੇ ਸਮੇਂ ਦੇ ਅੰਦਰ-ਅੰਦਰ ਰਹਿੰਦੇ ਜਨਰਲ ਸਕਾਲਰਸਿਪ ਦੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਲਈ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਕਿ ਆਪ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇੰਨਕਰਜਮੈਂਟ ਸਕੀਮ ਅਧੀਨ ਮਿੱਥੇ ਸਮੇਂ ਦੇ ਅੰਦਰ-ਅੰਦਰ ਯੋਗ ਵਿਦਿਆਰਥੀਆਂ ਨੂੰ ਵਜੀਫੇ ਲਈ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਵਿਦਿਆਰਥੀ ਵਜੀਫੇ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ।

ਯੋਗ ਵਿਦਿਆਰਥੀਆਂ ਨੂੰ ਈ-ਪੰਜਾਬ ਪੋਰਟਲ ਤੇ ਸਮੇਂ ਸਿਰ ਅਪਲਾਈ ਨਾ ਕਰਵਾਉਣ ਦੀ ਸੂਰਤ ਵਿੱਚ ਸਕੂਲ ਮੁੱਖੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)/ ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)-ਕਮ- ਜਿਲ੍ਹਾ ਵਜੀਫਾ ਨੋਡਲ ਅਫਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ: ਪੋਰਟਲ ਰਿਪੋਰਟ

19.11.2024
**ਸਹਾਇਕ ਡਾਇਰੈਕਟਰ (ਵਜੀਫਾ)**

Scanned with OKEN Scanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਬਠਿੰਡਾ

ਪਿੱ. ਅੰਕ ਨੰ: ਸੀ-5/1(2)2024/1460 ਮਿਤੀ: 20-11-2024

ਉਪਰੋਕਤ ਦਾ ਉਤਾਰਾ ਸੰਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਸਕੀਮ Encouragement Scheme to SC girls ਵਿੱਚ ਪਾਤਰ ਪਾਏ ਵਿਦਿਆਰਥਣਾਂ ਨੂੰ ਅਦਾਇਗੀ ਕੀਤਾ ਗਿਆ ਸੀ ਗਿਆਰਵੀਂ ਕਲਾਸ ਦੇ 1593 ਵਿਦਿਆਰਥਣਾਂ ਵਿੱਚੋਂ 702 ਵਿਦਿਆਰਥਣਾਂ ਨੂੰ ਅਦਾਇਗੀ ਕਰਵਾ ਦਿੱਤਾ ਗਿਆ ਸੀ ਬਾਰਵੀਂ ਕਲਾਸ ਦੇ 320 ਵਿਦਿਆਰਥਣਾਂ ਨੂੰ ਅਦਾਇਗੀ ਕਰਵਾ ਦਿੱਤਾ ਗਿਆ ਹੈ ਜੋ ਕਿ ਸਾਰੀ ਸੀ। ਬਾਕੀ ~~ਬਾਰਵੀਂ ਕਲਾਸ~~ ਗਿਆਰਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਪਾਤਰ ਪਾਏ ਅਦਾਇਗੀ ਕਰਵਾਇਆ ਗਿਆ। ਇਸ ਲਈ ਵਿਭਾਗ ਵੱਲੋਂ ਇਸ ਦੇ ਸਪਸ਼ਟੀਕਰਨ ਮੰਗੇ ਗਏ ਹਨ। ਸੋ ਉਪਰੋਕਤ ਸਕੀਮ ਦੇ ਸਪਸ਼ਟੀਕਰਨ ਇਸ ਦਫ਼ਤਰ ਵਿਖੇ 2 ਦਿਨ ਦੇ ਅੰਦਰ-ਅੰਦਰ ਜਮਾ ਕਰਵਾਏ ਜਾਣ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ
20/11/24